# PUNJABI UNIVERSITY, PATIALA TO HOLD SANGEET UTSAV

**8th Gurmat Sangeet Utsav is being organized from 12-15 October at Punjabi University, Patiala**



## ਗੁਰਮਤਿ ਸੰਗੀਤ ਉਤਸਵ

ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਜੀ ਦੀ ਅਗਵਾਈ ਵਿਚ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਲਈ ਪੰਜਾਬੀ ਯੂਨੀਵਰਸਿਟੀ ਨੇ ਸਰਬਪੱਖੀ ਉਪਰਾਲੇ ਕਰਦਿਆਂ, ਵਿਸ਼ਵ ਪੱਧਰ ਉਤੇ ਆਪਣੀ ਨਿਵੇਕਲੀ ਪਛਾਣ ਬਣਾਈ ਹੈ। ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਭਵਨ ਵਿਖੇ ਸਥਾਪਤ **ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ**, ਇਸ ਵਿਸ਼ੇ ਦੀ ਖੋਜ, ਸੰਗ੍ਰਹਿ, ਪੁਨਰ ਸੁਰਜੀਤੀ, ਅਧਿਐਨ ਤੇ ਅਧਿਆਪਨ ਹਿਤ ਨਿਰੰਤਰ ਕਾਰਜਸ਼ੀਲ ਹਨ।

**ਮਿਤੀ 12-15 ਅਕਤੂਬਰ, 2011** ਇਸ ਵਰ੍ਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ **ਅੱਠਵਾਂ ਗੁਰਮਤਿ ਸੰਗੀਤ ਉਤਸਵ** ਕਰਵਾਇਆ ਜਾ ਰਿਹਾ ਹੈ। ਜਿਸ ਵਿਚ **ਗੁਰਮਤਿ ਸੰਗੀਤ ਸਮਾਗਮ, ਗੁਰਮਤਿ ਸੰਗੀਤ ਪ੍ਰਤਿਯੋਗਤਾ** ਅਤੇ **ਗੁਰਮਤਿ ਸੰਗੀਤ ਸੈਮੀਨਾਰ** ਕਰਵਾਏ ਜਾਣਗੇ।

ਸਾਲ 2010-11 ਪੰਜਾਬੀ ਯੂਨੀਵਰਸਿਟੀ ਵਲੋਂ ਗੁਰਮਤਿ ਸੰਗੀਤ ਦੇ ਖੇਤਰ ਵਿਚ ਮਹੱਤਵਪੂਰਨ ਪ੍ਰਾਪਤੀਆਂ ਦਾ ਵਰ੍ਹਾ ਰਿਹਾ ਹੈ। ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਬਾਨੀ ਪ੍ਰੋਫੈਸਰ ਤੇ ਮੁਖੀ ਡਾ. ਗੁਰਨਾਮ ਸਿੰਘ ਅਤੇ ਡਾ. ਅੰਮ੍ਰਿਤਪਾਲ ਕੌਰ, ਡਾਇਰੈਕਟਰ ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬ੍ਰੇਰੀ ਦੀ ਅਗਵਾਈ ਵਿਚ **03 ਦਸੰਬਰ, 2010** ਨੂੰ **www.gurmatsangeetlibrary.com** ਵੈਬਸਾਈਟ ਲਾਂਚ ਕੀਤੀ ਗਈ ਜਿਸ ਵਿਚ ਡਿਜ਼ਿਟਾਈਜ਼ਡ ਪੁਸਤਕਾਂ, ਖੋਜ ਪੱਤਰ ਪਤ੍ਰਿਕਾਵਾਂ, ਸਿਮ੍ਰਤੀ ਗ੍ਰੰਥ ਆਦਿ ਨੂੰ ਆਨ-ਲਾਈਨ ਕੀਤਾ ਗਿਆ ਹੈ।

**21 ਜਨਵਰੀ, 2011** ਨੂੰ ਪੰਜਾਬੀ ਯੂਨੀਵਰਸਿਟੀ ਦੇ ਸੰਪੂਰਨ ਗੁਰਮਤਿ ਸੰਗੀਤ ਪ੍ਰੋਜੈਕਟ ਬਾਰੇ **www.gurmatsangeetpup.com** ਵੈਬਸਾਈਟ ਲਾਂਚ ਕੀਤੀ ਗਈ ਜਿਸ ਵਿਚ ਗੁਰਮਤਿ ਸੰਗੀਤ, ਸ਼ਾਸਤਰੀ ਸੰਗੀਤ, ਲੋਕ ਸੰਗੀਤ ਅਤੇ ਸੂਫ਼ੀ ਸੰਗੀਤ ਦੀ **1800 ਤੋਂ ਵੱਧ ਘੰਟਿਆਂ ਦੀ ਰਿਕਾਰਡਿੰਗ** ਅਪਲੋਡ ਕੀਤੀ ਗਈ ਹੈ।

**3-5 ਮਾਰਚ, 2011** ਨੂੰ **ਤੀਸਰਾ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ** ਕਰਵਾਇਆ ਗਿਆ ਜਿਸ ਵਿਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਸੰਗੀਤਕਾਰਾਂ ਨੇ ਭਾਗ ਲਿਆ। ਸੰਮੇਲਨ ਵਿਚ ਗੁਰਮਤਿ ਸੰਗੀਤਾਚਾਰੀਆ **ਪ੍ਰੋ. ਕਰਤਾਰ ਸਿੰਘ** ਨੂੰ ਸਾਲ 2011-12 ਲਈ **ਸੀਨੀਅਰ ਫੈਲੋਸ਼ਿਪ** ਪ੍ਰਦਾਨ ਕੀਤੀ ਗਈ ਅਤੇ **ਸਿੰਘ ਬੰਧੂ ਸ. ਤੇਜਪਾਲ ਸਿੰਘ** ਨੂੰ **ਪੰਜਾਬ ਸੰਗੀਤ ਰਤਨ** ਐਵਾਰਡ ਨਾਲ ਸਨਮਾਨਤ ਕੀਤਾ ਗਿਆ।

**ਮਿਤੀ 15 ਜੁਲਾਈ ਤੋਂ 26 ਅਗਸਤ, 2011** ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ **ਸੰਪੂਰਣ ਸੰਥਿਆ ਸਮਾਗਮ** ਸਬੰਧੀ ਵਰਕਸ਼ਾਪ ਲਗਾਈ ਗਈ ਜਿਸ ਵਿਚ 352 ਸਿਖਿਆਰਥੀਆਂ ਨੇ ਭਾਗ ਲਿਆ।

**ਮਿਤੀ 20 ਸਤੰਬਰ, 2011** ਨੂੰ **ਪ੍ਰੋ. ਤਾਰਾ ਸਿੰਘ ਸਿਮ੍ਰਤੀ ਸਮਾਰੋਹ** ਦੌਰਾਨ ਪੁਸਤਕ **ਪੜਤਾਲ ਗਾਇਕੀ** ਰਿਲੀਜ਼ ਕੀਤੀ ਗਈ ।

**ਮਿਤੀ 26 ਸਤੰਬਰ, 2011** ਨੂੰ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਦੀ ਸਰਪਰਸਤੀ ਅਤੇ ਡਾ. ਗੁਰਨਾਮ ਸਿੰਘ, ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ ਦੀ ਅਗਵਾਈ ਵਿਚ ਸੰਤ ਅਤਰ ਸਿੰਘ ਜੀ ਦੁਆਰਾ ਸਥਾਪਤ **ਗੁਰਮਤਿ ਸੰਗੀਤ ਦੀ ਮਸਤੂਆਣਾ ਟਕਸਾਲ** ਦੀ ਪੁਨਰ ਸੁਰਜੀਤੀ ਲਈ ਇਕ ਵਿਸ਼ਾਲ ਸਮਾਗਮ ਅਕਾਲ ਕਾਲਜ ਕੌਂਸਲ ਦੇ ਸਹਿਯੋਗ ਨਾਲ ਮਸਤੂਆਣਾ ਸਾਹਿਬ ਵਿਖੇ ਕਰਵਾਇਆ ਗਿਆ ਜਿਸ ਵਿਚ ਪੁਸਤਕ **ਮਸਤੂਆਣਾ ਟਕਸਾਲ : ਸ਼ਬਦ ਕੀਰਤਨ ਰਚਨਾਵਲੀ** ਰਿਲੀਜ਼ ਕੀਤੀ ਗਈ।

## ਉਦਘਾਟਨੀ ਸਮਾਰੋਹ

12 ਅਕਤੂਬਰ, 2011
ਕਲਾ ਭਵਨ, ਪੰਜਾਬੀ ਯੂਨੀਵਰਸਿਟੀ - 10.30 ਵਜੇ ਸਵੇਰੇ

| | | |
|---|---|---|
| ਉਦਘਾਟਨ | : | **ਜਥੇਦਾਰ ਅਵਤਾਰ ਸਿੰਘ** ਪ੍ਰਧਾਨ<br>ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ |
| ਪ੍ਰਧਾਨਗੀ | : | **ਡਾ. ਜਸਪਾਲ ਸਿੰਘ** ਵਾਈਸ-ਚਾਂਸਲਰ<br>ਪੰਜਾਬੀ ਯੂਨੀਵਰਸਿਟੀ, ਪਟਿਆਲਾ |
| ਵਿਖਿਆਨ | : | **ਸਿੰਘ ਬੰਧੂ ਸ. ਸੁਰਿੰਦਰ ਸਿੰਘ** ਪਦਮ ਸ਼੍ਰੀ ਐਵਾਰਡੀ |

# ਗੁਰਮਤਿ ਸੰਗੀਤ ਸਮਾਗਮ

13-14 ਅਕਤੂਬਰ, 2011
ਬੇਬੇ ਨਾਨਕੀ ਸੰਗੀਤ ਪਾਰਕ, ਪੰਜਾਬੀ ਯੂਨੀਵਰਸਿਟੀ
6.00 ਵਜੇ ਸ਼ਾਮ - 9.30 ਵਜੇ ਰਾਤ

ਪੰਜਾਬੀ ਯੂਨੀਵਰਸਿਟੀ ਵਲੋਂ ਗੁਰਮਤਿ ਸੰਗੀਤ ਦੀ ਪ੍ਰਮਾਣਿਕ ਰੂਪ ਵਿਚ ਡਾਕੂਮੈਂਟੇਸ਼ਨ ਨੂੰ ਵਿਸ਼ੇਸ਼ ਪ੍ਰੋਜੈਕਟ ਵਜੋਂ ਛੋਹਿਆ ਗਿਆ ਹੈ ਜਿਸ ਵਿਚ ਯੂਨੀਵਰਸਿਟੀ ਵਲੋਂ 2003 ਤੋਂ ਲੈ ਕੇ ਵੱਖ-ਵੱਖ ਸਮਿਆਂ 'ਤੇ **ਗੁਰਮਤਿ ਸੰਗੀਤ ਸਮਾਗਮ** ਕਰਵਾਕੇ ਪ੍ਰਮਾਣਿਕ ਕੀਰਤਨ ਦੀ ਰਿਕਾਰਡਿੰਗ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਜੋ ਯੂਨੀਵਰਸਿਟੀ ਦੀ ਵੈਬਸਾਈਟ **www.gurmatsangeetpup.com** 'ਤੇ ਵੇਖੀ ਜਾ ਸਕਦੀ ਹੈ। ਇਸ ਵਾਰ ਵੀ ਮਿਤੀ 13-14 ਅਕਤੂਬਰ, 2011 ਨੂੰ ਨਿਰਧਾਰਤ ਪ੍ਰੋਗਰਾਮ ਅਨੁਸਾਰ ਇਸ ਖੇਤਰ ਦੇ ਉਚ ਕੋਟੀ ਵਿਦਵਾਨ ਸੰਗੀਤਕਾਰ ਤੇ ਕੀਰਤਨੀਏ ਆਪੋ ਆਪਣੀ ਮੌਲਿਕ ਰਾਗਾਤਮਕ ਸ਼ੈਲੀ ਵਿਚ ਸ਼ਬਦ ਕੀਰਤਨ ਕਰਨਗੇ ਜੋ ਨਿਸ਼ਚੇ ਹੀ ਸਾਡੀ ਸੰਗੀਤ ਵਿਰਾਸਤ ਦਾ ਇਤਿਹਾਸਕ ਸਰਮਾਇਆ ਹੋਵੇਗਾ। ਇਸ ਗੁਰਮਤਿ ਸੰਗੀਤ ਸਮਾਗਮ ਵਿਚ ਤੁਹਾਡੀ ਮੁਬਾਰਕ ਹਾਜ਼ਰੀ ਸਾਡਾ ਮਾਣ ਵਧਾਏਗੀ।

## ਵਿਸ਼ੇਸ਼ ਕੀਰਤਨੀਏ

**ਪ੍ਰੋ. ਕਰਤਾਰ ਸਿੰਘ**
ਡਾਇਰੈਕਟਰ
ਗੁਰਮਤਿ ਸੰਗੀਤ ਅਕੈਡਮੀ
ਸ੍ਰੀ ਅਨੰਦਪੁਰ ਸਾਹਿਬ

**ਡਾ. ਜਾਗੀਰ ਸਿੰਘ**
ਸ਼੍ਰੋਮਣੀ ਰਾਗੀ
ਰਾਸ਼ਟਰਪਤੀ ਅਵਾਰਡੀ, ਚੰਡੀਗੜ੍ਹ

**ਭਾਈ ਰਵਿੰਦਰ ਸਿੰਘ**
ਹਜ਼ੂਰੀ ਰਾਗੀ
ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ

**ਭਾਈ ਕੁਲਤਾਰ ਸਿੰਘ**
ਹਜ਼ੂਰੀ ਰਾਗੀ
ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ
ਦਿੱਲੀ

**ਬੀਬੀ ਪ੍ਰਭਜੋਤ ਕੌਰ**
ਬਟਾਲਾ

**ਭਾਈ ਜਸਪਾਲ ਸਿੰਘ**
ਅਤੇ ਵਿਦਿਆਰਥੀ
ਪਟਿਆਲਾ

**ਭਾਈ ਨਿਰਮਲ ਸਿੰਘ ਖਾਲਸਾ**
ਹਜ਼ੂਰੀ ਰਾਗੀ (ਪਦਮ ਸ਼੍ਰੀ)
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ

**ਭਾਈ ਅਮਰੀਕ ਸਿੰਘ ਜਖਮੀ**
ਸ਼੍ਰੋਮਣੀ ਰਾਗੀ
ਜਲੰਧਰ

**ਭਾਈ ਇੰਦਰਜੀਤ ਸਿੰਘ**
ਹਜ਼ੂਰੀ ਰਾਗੀ
ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ

**ਬੀਬੀ ਜਸਵਿੰਦਰ ਕੌਰ**
ਮਾਤਾ ਸੁੰਦਰੀ ਗੁਰਮਤਿ ਕਾਲਜ
ਦਿੱਲੀ

**ਡਾ. ਕੰਵਲਜੀਤ ਸਿੰਘ**
**ਅਮਨਦੀਪ ਸਿੰਘ ਅਤੇ ਵਿਦਿਆਰਥੀ**
ਗੁਰਮਤਿ ਸੰਗੀਤ ਵਿਭਾਗ

**ਜੇਤੂ ਵਿਦਿਆਰਥੀ**
ਗੁਰਮਤਿ ਸੰਗੀਤ
ਪ੍ਰਤਿਯੋਗਤਾ - 2011

## ਗੁਰਮਤਿ ਸੰਗੀਤ ਪ੍ਰਤਿਯੋਗਤਾ

12 ਅਕਤੂਬਰ, 2011
ਕਲਾ ਭਵਨ, ਪੰਜਾਬੀ ਯੂਨੀਵਰਸਿਟੀ - 10.00 ਵਜੇ ਸਵੇਰੇ

**ਗੁਰਮਤਿ ਸੰਗੀਤ ਸਮੂਹ ਸ਼ਬਦ ਗਾਇਨ (ਸੀਨੀਅਰ ਅਤੇ ਜੂਨੀਅਰ)**

ਇਨਾਮ ਵੰਡ : 13 ਅਕਤੂਬਰ, 2011
ਬੇਬੇ ਨਾਨਕੀ ਸੰਗੀਤ ਪਾਰਕ 6.30 ਵਜੇ ਸ਼ਾਮ

13 ਅਕਤੂਬਰ, 2011
ਗੁਰਮਤਿ ਸੰਗੀਤ ਭਵਨ, ਪੰਜਾਬੀ ਯੂਨੀਵਰਸਿਟੀ - 10.00 ਵਜੇ ਸਵੇਰੇ

**ਗੁਰਮਤਿ ਸੰਗੀਤ ਤੰਤੀ ਸਾਜ਼ ਅਤੇ ਤਾਲ ਸਾਜ਼ ਵਾਦਨ (ਸੀਨੀਅਰ ਅਤੇ ਜੂਨੀਅਰ)**

ਇਨਾਮ ਵੰਡ : 13 ਅਕਤੂਬਰ, 2011
ਬੇਬੇ ਨਾਨਕੀ ਸੰਗੀਤ ਪਾਰਕ 6.30 ਵਜੇ ਸ਼ਾਮ

14 ਅਕਤੂਬਰ, 2011
ਗੁਰਮਤਿ ਸੰਗੀਤ ਭਵਨ, ਪੰਜਾਬੀ ਯੂਨੀਵਰਸਿਟੀ - 10.00 ਵਜੇ ਸਵੇਰੇ

**ਗੁਰਮਤਿ ਸੰਗੀਤ ਵਿਅਕਤੀਗਤ ਸ਼ਬਦ ਗਾਇਨ (ਸੀਨੀਅਰ ਅਤੇ ਜੂਨੀਅਰ)**

ਇਨਾਮ ਵੰਡ : 14 ਅਕਤੂਬਰ, 2011
ਬੇਬੇ ਨਾਨਕੀ ਸੰਗੀਤ ਪਾਰਕ 7.00 ਵਜੇ ਸ਼ਾਮ

## ਰਾਸ਼ਟਰੀ ਸੈਮੀਨਾਰ

15 ਅਕਤੂਬਰ, 2011
ਗੁਰਮਤਿ ਸੰਗੀਤ ਭਵਨ, ਪੰਜਾਬੀ ਯੂਨੀਵਰਸਿਟੀ - 10.00 ਵਜੇ ਸਵੇਰੇ
**ਵਿਸ਼ਾ - ਗੁਰਮਤਿ ਸੰਗੀਤ : ਅਕਾਦਮਿਕ ਪਰਿਪੇਖ**

ਉਦਘਾਟਨ : **ਡਾ. ਐਸ.ਪੀ.ਸਿੰਘ** ਸਾਬਕਾ ਉਪ-ਕੁਲਪਤੀ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਪ੍ਰਧਾਨਗੀ : **ਡਾ. ਜਸਪਾਲ ਸਿੰਘ** ਵਾਈਸ-ਚਾਂਸਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵਿਸ਼ੇਸ਼ ਮਹਿਮਾਨ : **ਡਾ. ਗੁਰਨੇਕ ਸਿੰਘ** ਵਾਈਸ-ਚਾਂਸਲਰ
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ
ਫਤਿਹਗੜ੍ਹ ਸਾਹਿਬ

ਪ੍ਰਮੁੱਖ ਵਕਤਾ : **ਡਾ. ਜਾਗੀਰ ਸਿੰਘ** ਸਾਬਕਾ ਪ੍ਰੋਫੈਸਰ ਤੇ ਮੁਖੀ
ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਆਪ ਜੀ ਨੂੰ ਗੁਰਮਤਿ ਸੰਗੀਤ ਉਤਸਵ ਦੇ ਸਮੂਹ ਸਮਾਗਮਾਂ ਵਿੱਚ
ਪਹੁੰਚਣ ਲਈ ਹਾਰਦਿਕ ਸੱਦਾ ਹੈ।

**ਡਾ. ਗੁਰਨਾਮ ਸਿੰਘ** ਪ੍ਰੋਫੈਸਰ ਤੇ ਮੁਖੀ
ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵੈਬਸਾਈਟ : www.gurmatsangeetpup.com, www.gurmatsangeetlibrary.com
ਸੰਪਰਕ : 98728-38889, 0175-3046184, 3046194